# ਮਾਰਚ ਖ਼ਬਰਨਾਮਾ

## ਚੇਤਿ ਗੋਬਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥

ਨਵੇਂ ਸਾਲ ਦੇ ਆਗਮਨ ਦੀ ਖੁਸ਼ੀ ਵਿੱਚ ਸਾਰੇ ਖ਼ਾਲਸਾ ਪਰਿਵਾਰ ਨੂੰ ਬਹੁਤ-ਬਹੁਤ ਵਧਾਈਆਂ।ਮਾਰਚ ਦੇ ਮਹੀਨੇ ਵਿੱਚ ਖ਼ਾਲਸਾ ਸਕੂਲ ਕੈਲਗਰੀ ਵਿੱਚ ਦੂਜੀ ਟਰਮ (Term 2) ਚੱਲ ਰਹੀ ਹੁੰਦੀ ਹੈ। ਵਿਦਿਆਰਥੀ ਪੰਜਾਬੀ ਅਤੇ ਗੁਰਮਤਿ ਵਿਸ਼ੇ ਵਿੱਚ ਅਗਲੀ ਪੜ੍ਹਾਈ ਕਰ ਰਹੇ ਹਨ।ਇਸੇ ਦੌਰਾਨ ੪ ਮਾਰਚ ਨੂੰ ਖ਼ਾਲਸਾ ਸਕੂਲ ਵਿੱਚ ਹਰਮਨ-ਪਿਆਰਾ ਤਿਉਹਾਰ 'ਹੋਲਾ-ਮਹੱਲਾ' ਮਨਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਅਤੇ ਪਿਆਰ ਨਾਲ ਹਿੱਸਾ ਲਿਆ।ਵਿਦਿਆਰਥੀਆਂ ਨੇ ਕੀਰਤਨ ਕੀਤਾ ਅਤੇ ਕਵਿਤਾਵਾਂ ਪੜ੍ਹਨ ਦੇ ਨਾਲ-ਨਾਲ ਇਤਿਹਾਸ ਦੀ ਜਾਣਕਾਰੀ ਵੀ ਸਾਂਝੀ ਕੀਤੀ ਗਈ। ਕੈਲਗਰੀ ਦੇ ਨੌਜਵਾਨਾਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ ਅਤੇ ਸਭ ਨੇ ਬੜੇ ਚਾਅ ਨਾਲ ਇਸ ਅਸੈਂਬਲੀ ਦਾ ਆਨੰਦ ਮਾਣਿਆ।

## ਆਉਣ ਵਾਲੇ ਪ੍ਰੋਗਰਾਮਾਂ ਦੇ ਬਾਰੇ ਜ਼ਰੂਰੀ ਬੇਨਤੀਆਂ:

-ਸਕੂਲ ਵਿੱਚ ਵੈਸਾਖੀ (ਖ਼ਾਲਸਾ-ਸਾਜਨਾ ਦਿਵਸ) ਨੂੰ ਮੁੱਖ ਰੱਖਦਿਆਂ ੨ ਅਪ੍ਰੈਲ ਵਾਲੇ ਦਿਨ ਖ਼ਾਸ ਪ੍ਰੋਗਰਾਮ ਉਲੀਕੇ ਗਏ ਹਨ।ਜਿਸ ਵਿੱਚ ਅਸੈਂਬਲੀ, ਕੀਰਤਨ, ਅਤੇ ਵੱਖ-ਵੱਖ ਸੈਂਟਰਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ।ਮਾਪਿਆਂ ਨੂੰ ਬੇਨਤੀ ਹੈ ਕਿ ਇਸ ਦਿਨ ਬੱਚਿਆਂ ਨੂੰ ਨੀਲੀਆਂ, ਪੀਲੀਆਂ, ਸੰਤਰੀ ਜਾਂ ਚਿੱਟੀਆਂ ਦਸਤਾਰਾਂ ਸਜਾ ਕੇ, ਅਤੇ ਬਾਣਾ (ਚੋਲਾ, ਕੁੜਤਾ-ਪਜਾਮਾ, ਪੰਜਾਬੀ ਸੂਟ) ਪਾ ਕੇ ਸਕੂਲ ਭੇਜਣ।

੧) ੨ ਅਪ੍ਰੈਲ: ਵੈਸਾਖੀ (ਖ਼ਾਲਸਾ-ਸਾਜਨਾ ਦਿਵਸ ਅਸੈਂਬਲੀ) (Vaisaakhi Celebration)

੨) ੧ ਮਈ: ਪੰਜਾਬੀ ਭਾਸ਼ਣ ਮੁਕਾਬਲਾ (Punjabi Speech Competition)

੩) ੯ ਮਈ: ਨਗਰ-ਕੀਰਤਨ (Calgary Nagar Keertan)

# ਪੰਜਾਬੀ ਭਾਸ਼ਣ ਮੁਕਾਬਲਾ

੧ ਮਈ, ੨੦੨੬, (ਸ਼ੁੱਕਰਵਾਰ)

ਪਿਛਲੇ ਸਿੱਖੀ ਫੇਅਰ ਦੀ ਕਾਮਯਾਬੀ ਨੂੰ ਧਿਆਨ ਵਿੱਚ ਰੱਖਦਿਆਂ, ਇਸ ਸਾਲ ਸਾਡਾ ਪੰਜਾਬੀ ਵਿਭਾਗ ਇੱਕ ਨਵੀਂ ਸ਼ੁਰੂਆਤ ਕਰ ਰਿਹਾ ਹੈ। ਸਾਰੇ ਸਕੂਲ ਦੇ ਵਿਦਿਆਰਥੀ ਆਪਣੀ ਮਾਂ ਬੋਲੀ ਪੰਜਾਬੀ ਬੋਲਣ ਦੀ ਮੁਹਾਰਤ ਦਾ ਪ੍ਰਗਟਾਵਾ ਭਾਸ਼ਣ ਦੁਆਰਾ ਕਰਨਗੇ ਅਤੇ ਮੁਕਾਬਲੇ ਵਿੱਚ ਭਾਗ ਲੈਣਗੇ।ਇਸ ਮੁਕਾਬਲੇ ਦਾ ਤਰੀਕਾ ਅੰਗਰੇਜ਼ੀ ਭਾਸ਼ਣ ਮੁਕਾਬਲਿਆਂ ਵਰਗਾ ਹੀ ਹੋਵੇਗਾ।

ਭਾਸ਼ਣ ਦੇ ਵਿਸ਼ੇ ਅਤੇ ਮੁਲਾਂਕਣ ਮਾਪਦੰਡ (Rubric) ੩੦ ਮਾਰਚ ਨੂੰ ਕਲਾਸਾਂ ਵਿੱਚ ਦੱਸੇ ਜਾਣਗੇ ਅਤੇ Google Classroom ਦੁਆਰਾ ਸਾਂਝੇ ਕੀਤੇ ਜਾਣਗੇ। ੩੧ ਮਾਰਚ ਤੋਂ ੨ ਅਪ੍ਰੈਲ ਤੱਕ ਵਿਦਿਆਰਥੀ ਆਪਣੇ ਅਧਿਆਪਕਾਂ ਨੂੰ ਸਵਾਲ ਪੁੱਛ ਸਕਦੇ ਹਨ ਅਤੇ ਛੁੱਟੀਆਂ ਦੇ ਦੌਰਾਨ ਆਪਣੀ ਤਿਆਰੀ ਕਰ ਸਕਦੇ ਹਨ।ਬੋਲਣ ਦੇ ਵਿਸ਼ੇ ਪੰਜਾਬੀ ਅਤੇ ਅੰਗਰੇਜ਼ੀ ਦੋਨੋਂ ਭਾਸ਼ਾਵਾਂ ਵਿੱਚ ਭੇਜੇ ਜਾਣਗੇ ਪਰ ਬੱਚੇ ਆਪਣੇ ਵਿਸ਼ੇ ਦੀ ਤਿਆਰੀ (ਸਪੀਚ) ਪੰਜਾਬੀ ਵਿੱਚ ਹੀ ਕਰਨਗੇ।

੨੧ ਤੋਂ ੨੭ ਅਪ੍ਰੈਲ ਨੂੰ ਹਰ ਜਮਾਤ ਵਿੱਚੋਂ ਦੋ ਵਿਦਿਆਰਥੀ ਸੈਮੀ–ਫਾਈਨਲਿਸਟ ਚੁਣੇ ਜਾਣਗੇ। ਸੈਮੀ–ਫਾਈਨਲ ਮੁਕਾਬਲੇ ੨੮ ਅਤੇ ੨੯ ਅਪ੍ਰੈਲ ਨੂੰ ਹੋਣਗੇ।ਹਰ ਜਮਾਤ ਵਿੱਚੋਂ ਇੱਕ ਵਿਦਿਆਰਥੀ ਫਾਈਨਲ ਲਈ ਚੁਣਿਆ ਜਾਵੇਗਾ।ਫਾਈਨਲ ਮੁਕਾਬਲਾ ੧ ਮਈ ਨੂੰ ਹੋਵੇਗਾ ਅਤੇ ਬਾਹਰੋਂ ਆਏ ਜੱਜਾਂ ਦੁਆਰਾ ਫਾਈਨਲਿਸਟ ਵਿਦਿਆਰਥੀ ਦੀ ਚੋਣ ਕੀਤੀ ਜਾਵੇਗੀ। ਚੁਣੇ ਗਏ ਬੱਚਿਆਂ ਦੇ ਮਾਪਿਆਂ ਨੂੰ ਉਸ ਦਿਨ ਸਕੂਲ ਆਉਣ ਲਈ ਸੱਦਾ–ਪੱਤਰ ਭੇਜਿਆ ਜਾਵੇਗਾ।

ਸੈਮੀ–ਫਾਈਨਲਿਸਟ ਚੁਣੇ ਗਏ ਵਦਿਆਰਥਆਂ ਨੂੰ ਸਰਟੀਫਿਕੇਟ ਮਿਲਣਗੇ, ਰਨਰ–ਅੱਪ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦਿੱਤੇ ਜਾਣਗੇ।ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀ, ਸਰਟੀਫਿਕੇਟ ਅਤੇ ਮੈਡਲ ਦਿੱਤੇ ਜਾਣਗੇ।ਸਪੀਚ ਤਿਆਰ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਪੰਜਾਬੀ ਜਮਾਤ ਵਿੱਚ ਨੰਬਰ ਵੀ ਦਿੱਤੇ ਜਾਣਗੇ। ਮਾਪਿਆਂ ਨੂੰ ਬੇਨਤੀ ਹੈ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਵੇ ਅਤੇ ਛੁੱਟੀਆਂ ਦੌਰਾਨ ਤਿਆਰੀ ਵਿੱਚ ਮਦਦ ਕੀਤੀ ਜਾਵੇ।ਵਧੇਰੇ ਜਾਣਕਾਰੀ ਲਈ ਬੱਚਿਆਂ ਦੇ ਅਧਿਆਪਕਾਂ ਨਾਲ ਸੰਪਰਕ ਕਰੋ। ਧੰਨਵਾਦ!